# ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥
# ਕਲਿ ਤਾਤੀ ਠਾਂਢਾ ਹਰਿ ਨਾਉ ॥

## ਭਾਗ–3

ਸਾਰੀ ਦੁਨੀਆਂ ਨੂੰ ਇਹ 'ਮਾਨਸਿਕ ਅੱਗ' ਤਾਂ ਲੱਗੀ ਹੋਈ ਹੈ, ਪਰ ਜਦ ਉੱਤਮ ਅਤੇ ਨੇਕ ਭਾਵਨਾਵਾਂ ਨਾਲ ਬਣਾਈਆਂ ਹੋਈਆਂ ਸੰਸਥਾਵਾਂ, ਜਿਹਾ ਕਿ—

ਸਕੂਲ
ਕਾਲਜ
ਯੂਨੀਵਰਸਿਟੀ
ਮਿਸ਼ਨਰੀ ਕਾਲਜ
ਲਾਇਬਰੇਰੀ
ਯਤੀਮ ਖ਼ਾਨੇ
ਵਿਧਵਾ ਆਸ਼ਰਮ
ਹਸਪਤਾਲ
ਗਊਸ਼ਾਲਾ

ਆਦਿ ਅਨੇਕਾਂ ਕਿਸਮ ਦੀਆਂ ਧਰਮ–ਅਰਥ ਸੰਸਥਾਵਾਂ (Charitable institutions) ਵਿਚ ਭੀ ਇਹ ਮਾਨਸਿਕ ਅਗਨੀ ਦਾ 'ਸੇਕ ਲੱਗਦਾ ਹੈ' ਤਾਂ ਬੜਾ ਅਫਸੋਸ ਅਤੇ ਦੁਖ ਹੁੰਦਾ ਹੈ।

ਇਹਨਾਂ ਨੇਕ ਧਰਮ–ਅਰਥ ਸੰਸਥਾਵਾਂ ਨੂੰ ਭੀ ਅਸੀਂ ਆਪੋ–ਆਪਣੀ ਅੰਦਰਲੀ 'ਮਾਨਸਿਕ ਅੱਗ' ਜਾ ਲਾਈ ਹੈ—ਜਿਸ ਦੇ ਧੂੰਏ ਦਾ ਪ੍ਰਗਟਾਵਾ ਕਦੇ–ਕਦੇ ਅਖਬਾਰਾਂ ਵਿਚ ਪ੍ਰਕਾਸ਼ਤ ਹੁੰਦਾ ਰਹਿੰਦਾ ਹੈ।

ਅਸਲ ਵਿਚ—

ਧਾਰਮਿਕ ਅਸਥਾਨ
ਧਰਮਸ਼ਾਲਾ
ਡੇਰੇ
ਮਠ
ਦਰਗਾਹ
ਠਾਠ

ਆਦਿ, ਉੱਚੀਆਂ-ਸੁਚੀਆਂ ਸੰਸਥਾਵਾਂ—

ਪਵਿਤ੍ਰਤਾ
ਪ੍ਰੇਮ ਸਵੈਪਨਾ
ਮੈਤ੍ਰੀ ਭਾਵ
ਸ਼ਾਂਤੀ
ਮਾਨਸਿਕ ਠੰਢ
ਆਤਮਿਕ ਜੀਵਨ ਸੇਧ
ਹਰੀ ਕੀਰਤਨ
ਭਗਤੀ
ਨਾਮ ਅਭਿਆਸ

ਅਤੇ ਦੈਵੀ ਗੁਣਾਂ ਦੇ ਕੇਂਦਰ ਹੋਣੇ ਚਾਹੀਦੇ ਹਨ।

ਪਰ, ਬੜੀ ਨਿਰਾਸਤਾ ਅਤੇ ਦੁਖ ਦੀ ਗੱਲ ਹੈ, ਕਿ ਇਹੋ ਜਿਹੇ ਪਵਿਤ੍ਰ ਆਤਮਿਕ ਕੇਂਦਰ ਵਿਚ ਭੀ, ਆਪਣੀ ਅੰਦਰਲੀ ਮਾਨਸਿਕ ਅੱਗ ਜਾ ਲਾਈ ਹੈ, ਅਤੇ ਓਥੇ ਭੀ—

ਈਰਖਾ
ਦਵੈਤ
ਤਅੱਸਬ
ਨਫ਼ਰਤ
ਲੋਭ
ਕ੍ਰੋਧ
ਅਹੰਕਾਰ
ਡਰ
ਸਹਿਮ

ਅਸ਼ਾਂਤੀ

ਬੇਮੁਖਤਾ

ਦਾ ਬੋਲ-ਬਾਲਾ ਅਤੇ ਵਰਤ-ਵਰਤਾਰਾ ਹੋ ਰਿਹਾ ਹੈ। ਇਸ ਦਾ ਪ੍ਰਗਟਾਵਾ ਜ਼ਾਹਰਾ ਤੌਰ ਤੇ ਨਿਤਾ-ਪ੍ਰਤੀ ਦੇਖਣ ਅਤੇ ਸੁਣਨ ਵਿਚ ਆ ਰਿਹਾ ਹੈ।

ਅਸੀਂ ਆਪਣੀ ਅਗਿਆਨਤਾ ਵਿਚ—

ਨੀਵੀਆਂ ਰੁਚੀਆਂ

ਨੀਵੇਂ ਖਿਆਲ

ਧੜੇ ਬਾਜ਼ੀ

ਈਰਖਾ-ਦਵੈਤ

ਵੈਰ-ਵਿਰੋਧ

ਨਿਜੀ-ਸੁਆਰਥ

'ਕੁਰਸੀ' ਦੀ ਲਾਲਸਾ

ਚੌਧਰ ਦੀ ਭੁੱਖ

ਹਉਮੈ ਦਾ ਪ੍ਰਗਟਾਵਾ

ਕਰਦਿਆਂ ਹੋਇਆਂ 'ਧਰਮ-ਅਸਥਾਨਾਂ' ਨੂੰ ਭੀ—

ਈਰਖਾ-ਦਵੈਤ ਦਾ ਅੱਡਾ

ਹਉਮੈ ਦਾ ਖੇਤਰ

ਕ੍ਰੋਧ ਦਾ ਖੇਤਰ

ਨਿਜੀ-ਸੁਆਰਥ ਦਾ ਜ਼ਰੀਆ

ਮਾਇਕੀ ਲਾਭ

ਗੱਪ-ਸ਼ੱਪ ਦਾ ਅਖਾੜਾ

ਨਿੰਦਾ-ਚੁਗਲੀ ਦਾ ਕੇਂਦਰ

ਧੜੇ ਬਾਜੀ ਦਾ ਅੱਡਾ

ਖਿਚੋਤਾਣ ਦਾ ਖੇਤਰ

ਬਦਲਾ ਲੈਣ ਦਾ ਕੇਂਦਰ

ਬਣਾ ਦਿੱਤਾ ਹੈ।

ਦੁਖਦਾਈ ਗੱਲ ਤਾਂ ਇਹ ਹੈ ਕਿ ਜਿਸ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਅਸੀਂ ਇਸ਼ਟ ਤੇ ਗੁਰੂ ਮੰਨਦੇ ਹਾਂ—ਉਸਦੀ ਪਾਵਨ ਹਜ਼ੂਰੀ ਵਿਚ, ਧਰਮ ਦੇ

ਨਾਉਂ ਉਤੇ, ਗੁਰਬਾਣੀ ਦੇ ਆਸ਼ੇ ਦੇ ਐਨ ਉਲਟ—

ਈਰਖਾ
ਦਵੈਤ
ਨਿੰਦਾ
ਨਫ਼ਰਤ
ਵੈਰ
ਵਿਰੋਧ
ਸੁਆਰਥ
ਲੋਭ
ਕ੍ਰੋਧ
ਹਉਮੈ

ਦਾ ਖੁੱਲ੍ਹਮ-ਖੁੱਲ੍ਹਾ ਪ੍ਰਗਟਾਵਾ ਕਰਦੇ ਹਾਂ ਅਤੇ 'ਗੁਰੂ ਗ੍ਰੰਥ ਸਾਹਿਬ' ਦੀ ਬੇ-ਅਦਬੀ ਕਰਕੇ ਆਪਣੇ ਧਰਮ ਦਾ ਗਿਲਾਨੀ ਵਾਲਾ ਇਸ਼ਤਿਹਾਰ ਆਪ ਹੀ ਪ੍ਰਸਤੁਤ ਕਰਦੇ ਹਾਂ।

ਅਸੀਂ ਮਾਨਸਿਕ ਗਿਲਾਨੀ ਯਾ ਅਗਨੀ ਦੀ 'ਚਿਣਗ' ਆਪਣੇ ਨਾਲ ਧਰਮ ਅਸਥਾਨਾਂ ਵਿਚ ਲੈ ਜਾਂਦੇ ਹਾਂ ਅਤੇ ਇਕ-ਦੂਜੇ ਨੂੰ 'ਚੁਆਤੀ' ਲਾਈ ਜਾਂਦੇ ਹਾਂ। ਇਸ ਦੇ ਨਤੀਜੇ ਗੁਰਦੁਆਰਿਆਂ ਅਥਵਾ ਪਵਿੱਤਰ ਧਾਰਮਿਕ-ਅਸਥਾਨਾਂ ਵਿਚ ਭੀ—

ਲੋਭ-ਲਹਿਰ
ਤੂੰ ਤੂੰ, ਮੈਂ-ਮੈਂ
ਹਉਮੈ ਦੀਆਂ ਬੜ੍ਹਕਾਂ
ਧੜੈ ਬਾਜੀ
ਖਿਚੋ ਤਾਣ
ਤਾਹਨੇ-ਮੇਹਣੇ
ਨਿੰਦਿਆ
ਚੁਗਲੀ
ਨਫ਼ਰਤ
ਵੈਰ
ਵਿਰੋਧ
ਝਗੜੇ
ਲੜਾਈਆਂ
ਖੂਨ ਖਰਾਬੇ

ਆਦਿ, ਘਿਰਨਾ ਯੋਗ, ਭਿਆਨਕ ਅਤੇ ਦੁਖਦਾਈ ਕਾਰਨਾਮੇ ਹੁੰਦੇ ਹਨ ਰਹਿੰਦੇ!! ਇਸ ਤਰ੍ਹਾਂ ਅਸੀਂ ਆਪਣੀ ਅੰਦਲੀ ਮਾਨਸਿਕ ਗੁੱਝੀ ਅਗਨੀ ਨਾਲ—

ਆਪਣੇ ਇਸ਼ਟ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਬੇ-ਅਦਬੀ ਕਰਦੇ ਹਾਂ।
ਗੁਰਬਾਣੀ ਦੀ ਕਦਰ, ਕੀਮਤ ਅਤੇ ਅਦਬ ਘਟਾਉਂਦੇ ਹਾਂ।
ਗੁਰਬਾਣੀ ਦੇ ਆਸ਼ੇ ਤੋਂ ਦੁਰੇਡੇ ਹੁੰਦੇ ਜਾਂਦੇ ਹਾਂ।
ਗੁਰਸਿੱਖੀ ਤੋਂ ਬੇ-ਮੁਖ ਹੁੰਦੇ ਹਾਂ।
ਆਤਮਿਕ ਪਾਪ ਕਮਾਉਂਦੇ ਹਾਂ।
ਮਨ ਮੈਲਾ ਕਰਦੇ ਹਾਂ।
ਮਾਨਸਿਕ ਅਗਨੀ ਵਿਚ ਹੋਰ ਤੇਲ ਪਾਉਂਦੇ ਹਾਂ।
ਮਾਨਸਿਕ ਭਾਂਬੜ ਵਿਚ ਸੜਦੇ ਹਾਂ।
ਆਪਣਾ ਜੀਵਨ ਤਬਾਹ ਕਰਦੇ ਹਾਂ।
ਨਰਕਾਂ ਦੇ ਭਾਗੀ ਹੁੰਦੇ ਹਾਂ।
ਅਭਿਲਾਖੀ ਜਗਿਆਸੂਆਂ ਨੂੰ ਨਿਰ-ਉਤਸ਼ਾਹਤ ਕਰਦੇ ਹਾਂ।
ਗੁਰਸਿੱਖੀ ਦੀ ਭੈੜੀ ਮਿਸਾਲ ਪੇਸ਼ ਕਰਦੇ ਹਾਂ।
ਧਰਮ ਦਾ ਮਖੌਲ ਉਡਾਉਂਦੇ ਹਾਂ।
ਗਿਲਾਨੀ ਵਾਲੀਆਂ ਨੀਵੀਆਂ ਮਿਸਾਲਾਂ ਦੇ ਨਾਲ ਨਾਸਤਿਕਤਾ ਦਾ ਪ੍ਰਚਾਰ ਕਰਦੇ ਹਾਂ।
ਪਵਿੱਤਰ ਧਰਮ ਨੂੰ 'ਢਾਹ' ਲਾਉਂਦੇ ਹਾਂ।
ਵਿਸ਼ਵ ਦੇ ਸਮੁੱਚੇ ਵਾਯੂ-ਮੰਡਲ ਦੇ 'ਅਗਨ-ਕੁੰਡ' ਵਿਚ ਵਾਧਾ ਕਰਦੇ ਹਾਂ।

ਧਰਮ ਅਸਥਾਨਾਂ ਵਿਚ ਐਸੀ ਹਾਲਤ ਨੂੰ ਦੇਖ ਕੇ, ਅਭਿਲਾਖੀ ਜਗਿਆਸੂਆਂ ਨੂੰ ਨਿਰਾਸਤਾ ਮਹਿਸੂਸ ਹੁੰਦੀ ਹੈ। ਜਗਿਆਸੂਆਂ ਦੇ ਇਸ ਨਿਰਾਸਤਾ ਭਰੇ 'ਹਉਕੇ' ਨੂੰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਉਂ ਵਰਣਨ ਕੀਤਾ ਹੈ—

ਬਾਹਰਿ ਕੀ ਅਗਨਿ ਬੂਝਤ ਸਰਿਤਾ ਕੈ
ਨਾਉ ਮੈ ਜਉ ਆਗ ਲਾਗੈ ਕੈਸੇ ਕੈ ਬੁਝਾਇਐ ॥
ਬਾਹਰਿ ਸੈ ਭਾਗਿ ਓਟ ਲੀਜੀਅਤ ਕੋਟ ਗੜ੍ਹ
ਗੜ੍ਹ ਮੈ ਜਉ ਲੂਟਿ ਲੀਜੈ ਕਹੋ ਕਤ ਜਾਈਐ ॥

ਚੋਰਨ ਕੈ ਤ੍ਰਾਸ ਜਾਇ ਸਰਨਿ ਨਰਿੰਦ ਗਹੈ
ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਇਐ ॥
ਮਾਇਆ ਡਰ ਡਰਪਤ ਹਾਰਿ ਗੁਰਦੁਆਰੇ ਜਾਵੈ
ਤਹਾਂ ਜਉ ਬਿਆਪੈ ਮਾਇਆ ਕਹਾਂ ਠਹਰਾਇਐ ॥

(ਕ.ਭਾ.ਗੁ. 544)

ਇਸ ਗੁਪਤ, ਭਿਆਨਕ ਅਤੇ ਮਾਰੂ ਅੱਗ ਨੂੰ ਹੋਰ ਸਪਸ਼ਟ ਤੌਰ ਤੇ ਸਮਝਣ ਲਈ ਅਕੜ ਦੀ ਉਦਾਹਰਨ ਯੋਗ ਹੋਵੇਗੀ—

'ਲੱਕੜ' ਦੇ ਅੰਦਰ ਗੁੱਝੀ ਅੱਗ ਲੁਕੀ ਹੋਈ ਹੈ।

ਇਸ ਗੁੱਝੀ ਅੱਗ ਨੂੰ ਪ੍ਰਗਟ ਕਰਨ ਲਈ—ਨਿਕੀ ਜਿਹੀ ਚੰਗਿਆੜੀ ਦੀ ਲੋੜ ਹੈ, ਜਿਸ ਨਾਲ ਲੱਕੜ ਮੱਘ ਕੇ ਭਾਂਬੜ ਬੜ ਜਾਂਦੀ ਹੈ। ਇਸ ਭਾਂਬੜ ਵਿਚੋਂ ਨਿਕਲੀਆਂ ਹੋਈਆਂ ਚੰਗਿਆੜੀਆਂ ਉੱਡ ਕੇ ਹੋਰਨਾਂ ਲੱਕੜਾਂ ਯਾ ਘਰਾਂ ਨੂੰ ਭੀ ਅੱਗ ਲਾ ਦਿੰਦੀਆਂ ਹਨ ਅਤੇ ਬੇਅੰਤ ਤਬਾਹੀ ਮਚਾਉਂਦੀਆਂ ਹਨ।

'ਜੀਵ', ਭਾਵੇਂ ਉਤੋਂ ਜ਼ਾਹਰਾ ਤੌਰ ਤੇ ਕਿਤਨਾ ਹੀ—

ਭਲਾ-ਭਲੇਰਾ
ਸਿਆਣਾ
ਵਿਦਵਾਨ
ਗਿਆਨੀ
ਚਤੁਰ
ਵਿਗਿਆਨਕ
ਫਿਲਾਸਫਰ
ਅਫ਼ਲਾਤੂਨ
ਵੀ.ਆਈ.ਪੀ (V.I.P.)
ਖ਼ਾਨਦਾਨੀ
ਸ਼ਾਹੀ
ਨੇਕ
ਪਾਕ
ਪਰਉਪਕਾਰੀ
ਜੋਗੀ
ਜੰਗਮ

ਸਾਧ

ਸੰਤ
ਮਹਾਤਮਾ
ਜਗਤ ਗੁਰੂ
ਆਚਾਰੀਆ
ਸ੍ਰੀ 108
ਜੋਧਾ
ਸੋਹਣਾ
ਮੋਹਣਾ
ਮਾਇਆ ਧਾਰੀ
ਛਤ੍ਰ ਪਤਿ
ਰਾਜਾ

ਆਦਿ, ਹੋਵੇ। ਪਰ, ਸਭ ਦੇ ਅੰਦਰ ਇਹ ਪੰਜੇ 'ਤੱਤ-ਅਗਨੀਆਂ'—'ਭੂਤ-ਪ੍ਰੇਤ' ਵਾਂਗੂ ਅਦ੍ਰਿਸ਼ਟ। ਗੁੱਝੇ ਤੌਰ ਤੇ ਅੰਤਰਗਤ—

ਧੱਸ
ਵੱਸ
ਰੱਸ
ਚਿਮਟ
ਸਮਾ

ਰਹੀਆਂ ਹਨ, ਅਤੇ ਓਤ-ਪੋਤ, ਤਾਣੇ-ਪੇਟੇ ਵਿਚ ਰਵਿ ਰਹੀਆਂ ਭਰਪੂਰ ਹਨ!!

ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥
ਅੰਤਰਿ ਚੋਰ ਕਿਉ ਸਾਦੁ ਲਹੀਜੈ ॥ (ਪੰਨਾ-905)

ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥
ਕੋਇਲੇ ਪਾਪ ਪੜੇ ਤਿਸੁ ਊਪਰਿ
ਮਨ ਜਲਿਆ ਸੰਨ੍ਹੀ ਚਿੰਤ ਭਈ ॥ (ਪੰਨਾ-990)

ਜੀਵ ਦੇ ਜੀਵਨ-ਖੇਤਰ ਦੇ ਹਰ ਪੱਖ—

ਗਰਮੀ-ਸਰਦੀ
ਦੁਖ-ਸੁਖ
ਹਾਸੇ-ਰੋਣੇ

ਹਰਖ–ਸੋਗ
ਨਫ਼ਾ–ਨੁਕਸਾਨ
ਗਰੀਬੀ–ਅਮੀਰੀ
ਬੁੱਢੇ–ਬਾਲੇ
ਇਸਤਰੀ–ਮਰਦ
ਨੇਕੀ–ਬਦੀ
ਵੈਰ–ਵਿਰੋਧ
ਈਰਖਾ–ਦਵੈਤ
ਲਬ–ਲੋਭ
ਕਾਮ–ਕ੍ਰੋਧ
ਮੋਹ–ਮਮਤਾ
ਪ੍ਰੀਤ–ਪਿਆਰ
ਨਫ਼ਰਤ
ਤ੍ਰਿਸ਼ਨਾ
ਮੈਂ–ਮੇਰੀ
ਖਿਆਲਾਂ
ਵਲਵਲਿਆਂ
ਸ਼ਰਧਾ
ਪਾਠ–ਪੂਜਾ
ਕਰਮ–ਧਰਮ
ਜੋਗ–ਸਾਧਨਾ
ਦੂਜਾ–ਭਾਵ
ਤਿਆਗ
ਵੈਰਾਗ

ਆਦਿ, ਦੀ ਪ੍ਰਵਿਰਤੀ ਵਿਚ ਭੀ ਇਸ 'ਮਾਨਸਿਕ ਅਗਨੀ' ਦੇ 'ਤੱਤ' ਆਪੋ–ਆਪਣੇ—

ਭਾਹ
ਅਕਸ
ਸੇਕ
ਰੰਗਤ

ਦਿਖਾ ਜਾਂਦੇ ਹਨ।

ਗੂਝੀ ਭਾਹਿ ਜਲੈ ਸੰਸਾਰਾ....॥ (ਪੰਨਾ-673)

ਭਾਵੇਂ ਆਪਣੀ 'ਮਾਨਸਿਕ ਅੱਗ' ਦੇ ਸੇਕ ਅਥਵਾ 'ਰੰਗਤ' ਨੂੰ ਅਸੀਂ—

ਢੱਕ ਕੇ
ਲੁਕਾ ਕੇ
ਦਬਾ ਕੇ
ਪਾਖੰਡ

ਕਰਕੇ ਛਪਾਉਣ ਦੀ ਕਿਤਨੀ ਕੋਸ਼ਿਸ਼ ਕਰੀਏ ਯਾ ਇਸ ਦੀ ਹੋਂਦ ਨੂੰ—

ਜਾਣੀਏ ਜਾਂ ਨਾ
ਮਹਿਸੂਸ ਕਰੀਏ ਜਾਂ ਨਾ
ਮੰਨੀਏ ਜਾਂ ਨਾ
ਇਕਬਾਲ ਕਰੀਏ ਜਾਂ ਨਾ

ਯਾ ਜਾਣ ਬੁੱਝ ਕੇ—

ਅਵੇਸਲੇ
ਬੇ-ਪ੍ਰਵਾਹ
ਅਣਜਾਣ
ਮਚਲੇ

ਹੋ ਜਾਈਏ—ਫਿਰ ਭੀ—

ਕੈਰੀ ਅੱਖ ਦੀ ਤੱਕਣੀ ਨਾਲ
ਤਕੱਣੀ ਦੇ ਵਿਅੰਗ ਨਾਲ
ਵਿਅੰਗ ਦੇ ਕਟਾਖ੍ਹ ਨਾਲ
ਮੱਥੇ ਦੀ ਤਿਉੜੀ ਨਾਲ
ਫਿਕੇ ਬੋਲ ਨਾਲ
ਤਾਹਨਿਆਂ-ਮਿਹਣਿਆਂ ਨਾਲ
ਨੁਕਤਾਚੀਨੀ ਨਾਲ
ਗਾਲਾਂ-ਗਲੋਟਿਆਂ ਨਾਲ
ਨਿੰਦਿਆ ਨਾਲ
ਨੱਕ ਚੜ੍ਹਾਉਣ ਨਾਲ

ਬੇ-ਇਨਸਾਫੀ ਨਾਲ
ਧੱਕੇ-ਸ਼ਾਹੀ ਨਾਲ
ਜ਼ੁਲਮ ਨਾਲ
ਰੋਸੇ-ਗਿਲੇ ਨਾਲ
ਨਫ਼ਰਤ ਨਾਲ
ਐਲਰਜੀ (allergy) ਨਾਲ

ਅਤੇ ਹੋਰ ਅਨੇਕਾਂ ਕਿਸਮ ਦੀ 'ਉਕਸਾਹਟ' ਯਾ ਬਹਾਨਿਆਂ ਦੁਆਰਾ ਇਹ ਸਾਡੀ ਅੰਦਰਲੀ ਅੱਗ—

ਸੁਲਘਦੀ ਹੈ।
ਮੱਘਦੀ ਹੈ।
ਪ੍ਰਗਟ ਹੁੰਦੀ ਹੈ
ਜਲਦੀ ਹੈ
ਭਾਂਬੜ ਮਚਾਉਂਦੀ ਹੈ
ਲਾਟਾਂ ਛੱਡਦੀ ਹੈ।

ਇਸ ਤਰ੍ਹਾਂ ਸਾਡਾ ਅੰਦਰ-ਬਾਹਰ ਸਾੜ ਦਿੰਦੀ ਹੈ ਅਤੇ ਸਾਡੇ ਚੰਗੇ ਧਰਮ-ਕਰਮ, ਨੇਕੀਆਂ, ਪਰਉਪਕਾਰ ਅਤੇ ਦੈਵੀ ਗੁਣ ਭੀ ਸਾੜ ਕੇ ਸੁਆਹ ਕਰ ਦਿੰਦੀ ਹੈ। ਇਹ ਅੰਦਰਲੀ ਅਗਨ ਸਰੀਰ ਨੂੰ ਕਮਜ਼ੋਰ ਤੇ ਨਿਢਾਲ ਕਰ ਕੇ ਕਈ ਕਿਸਮਾਂ ਦੀਆਂ ਮਾਨਸਿਕ ਅਤੇ ਸਰੀਰਕ ਬੀਮਾਰੀਆਂ ਦਾ ਕਾਰਨ ਬਣਦੀ ਹੈ।

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥
ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥
ਮਨ ਏਕੁ ਨ ਚੇਤਸਿ ਮੂੜ ਮਨਾ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥ (ਪੰਨਾ-12)

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥ (ਪੰਨਾ-932)

ਅੰਤਰਿ ਕ੍ਰੋਧੁ ਅਹੰਕਾਰੁ ਹੈ
ਅਨਦਿਨੁ ਜਲੈ ਸਦਾ ਦੁਖੁ ਪਾਇ ॥ (ਪੰਨਾ-1415)

ਇਹਨਾਂ ਨੀਵੇਂ ਵਲਵਲਿਆਂ ਜਾਂ ਰੁਚੀਆਂ ਦੀ ਤੈਹ ਵਿਚ, ਗੋਹੇ ਦੀ ਅੱਗ ਵਾਂਗ ਸਾਡੀ ਗੁੱਝੀ ਅੱਗ, ਸਾਡੇ ਅੰਤਿਸ਼ਕਰਨ ਵਿਚ ਦਬੀ ਹੋਈ ਹੈ ਅਤੇ ਸੁਲਘਦੀ ਰਹਿੰਦੀ ਹੈ।

ਗੂੜ੍ਹੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥

(ਪੰਨਾ–673)

ਜਦ ਕਦੇ ਸਾਡੇ ਮਾਇਕੀ ਖਿਆਲਾਂ ਦੇ ਕਿਸੇ ਵਲਵਲੇ (feelings) ਨੂੰ 'ਠੇਸ' ਵਜਦੀ ਹੈ ਯਾ ਮੁਖਾਲਫਤ ਹੁੰਦੀ ਹੈ ਤਾਂ ਸਾਡੇ ਮਨ ਦੀ 'ਹਉਮੈ' ਬੁੜ੍ਹਕ ਪੈਂਦੀ ਹੈ ਅਤੇ ਸਾਡੀ ਗੁੱਝੀ ਅੱਗ ਮੱਘ ਪੈਂਦੀ ਹੈ।

ਇਸ ਨੁਕਤੇ ਨੂੰ ਭਗਤ ਫਰੀਦ ਜੀ ਨੇ ਬੜੇ ਵਿਅੰਗ ਨਾਲ ਕਟਾਖ੍ਯ ਕੀਤਾ ਹੈ—

ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ ॥
ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ ॥ (ਪੰਨਾ–1383)

ਅਰਥਾਤ—'ਹੇ ਮਨ', ਆਮ ਦੁਨੀਆਂ ਦੇ ਮਨ ਦੀਆਂ ਤਾਰਾਂ 'ਬੋਲ–ਕਬੋਲ' ਨਾਲ ਵੱਜ ਪੈਂਦੀਆਂ ਹਨ। ਪਰ, ਤੂੰ 'ਭਗਤ' ਅਖਵਾਉਂਦਾ ਹੋਇਆ ਭੀ ਲੋਕਾਂ ਦੇ ਬੋਲ–ਕਬੋਲ ਨਾਲ ਕਿਉਂ ਵੱਜ ਪੈਂਦਾ ਹੈ!!!

ਇਸ ਦੇ ਉਲਟ ਗੁਰਬਾਣੀ ਸਾਨੂੰ ਇਉਂ ਉਪਦੇਸ਼ ਦਿੰਦੀ ਹੈ—

ਏਕੁ ਬੋਲੁ ਭੀ ਖਵਤੋ ਨਾਹੀ ਸਾਧ ਸੰਗਤਿ ਸੀਤਲਈ ॥

(ਪੰਨਾ–402)

ਜੇਠ–ਹਾੜ ਦੇ ਮਹੀਨਿਆਂ ਵਿਚ ਅਸੀਂ ਅਤਿ ਦੀ ਗਰਮੀ ਨਾਲ ਬੇ–ਹਾਲ ਹੁੰਦੇ ਹਾਂ ਤੇ ਪੱਖਿਆਂ, ਕੂਲਰਾਂ (cooler) ਅਤੇ ਬਰਫ਼ ਆਦਿ ਨਾਲ ਇਸ ਗਰਮੀ ਦੀ ਤਪਸ਼ ਤੋਂ ਬਚਣ ਦੇ ਅਨੇਕਾਂ ਉਪਾਉ ਕਰਦੇ ਹਾਂ।

ਇਸੇ ਤਰ੍ਹਾਂ 'ਅੰਦਰਲੀ ਮਾਨਸਿਕ ਅਗਨੀ' ਦੀਆਂ ਅਨੇਕਾਂ ਲਾਟਾਂ—

ਚਿੰਤਾ
ਫ਼ਿਕਰ
ਤ੍ਰਿਸ਼ਨਾ
ਰੋਸੇ
ਗ਼ਿਲੇ
ਐਲਰਜ਼ੀ (allergy)
ਈਰਖਾ
ਦਵੈਤ

ਨਫ਼ਰਤ
ਵੈਰ
ਵਿਰੋਧ

ਨਿੰਦਾ
ਚੁਗਲੀ
ਸ਼ਕ
ਡਰ
ਸਾੜਾ
ਕੁਲਝਣਾ
ਦੁਖ
ਕਲੇਸ਼
ਕਾਮ
ਕ੍ਰੋਧ
ਲੋਭ
ਮੋਹ
ਅਹੰਕਾਰ
ਮੈਂ-ਮੇਰੀ

ਆਦਿ, 'ਵਾਸ਼ਨਾਵਾ' ਜਦ ਸਾਨੂੰ ਅਤਿਅੰਤ ਤੰਗ ਕਰਦੀਆਂ ਹਨ ਤਾਂ ਅਸੀਂ ਇਹਨਾਂ ਦੇ ਸੇਕ ਤੋਂ ਬਚਣ ਲਈ—ਸਿਨੇਮਾ, ਟੀ.ਵੀ. (T.V.), ਨਾਵਲ, ਨਸ਼ੇ, ਯਾ ਤਾਸ਼ ਅਤੇ ਕਈ ਕਿਸਮ ਦੇ ਹੋਰ ਮਨੋਰੰਜਨਾਂ ਦੁਆਰਾ ਆਰਜ਼ੀ ਤੌਰ ਤੇ ਭੁਲਾਉਣ ਯਾ ਟਾਲਣ ਦੀ ਕੋਸ਼ਿਸ਼ ਕਰਦੇ ਹਾਂ। ਪਰ, ਸਾਡੇ ਮਨ, ਚਿਤ ਅਤੇ ਅੰਤਿਸ਼ਕਰਨ ਵਿਚ ਇਹ 'ਗੁੱਝੀ-ਅੱਗ'—ਉਸੇ ਤਰ੍ਹਾਂ ਸੁਲਘਦੀ ਰਹਿੰਦੀ ਹੈ ਅਤੇ ਵਧਦੀ ਜਾਂਦੀ ਹੈ—

"ਮਰਜ਼ ਬੜ੍ਹਤੀ ਗਈ ਜਿਉਂ-ਜਿਉਂ ਦਵਾ ਕੀ ॥"

ਰੇਗਿਸਤਾਨ (Desert) ਵਿਚ ਊਠ ਵਰਗੇ ਵੱਡੇ-ਵੱਡੇ ਮੁਰਗੇ ਹੁੰਦੇ ਹਨ—ਜਿਨ੍ਹਾਂ ਨੂੰ 'ਸ਼ੁਤ੍-ਮੁਰਗ' (Ostrich) ਕਿਹਾ ਜਾਂਦਾ ਹੈ। ਜਦ ਇਸ ਨੂੰ ਕੋਈ ਖਤਰਾ ਦਿਸਦਾ ਹੈ ਤਾਂ ਇਹ ਆਪਣਾ ਸਿਰ ਰੇਤੇ ਵਿਚ ਲੁਕੋ ਕੇ ਸਮਝਦਾ ਹੈ, ਕਿ ਉਹ ਖਤਰੇ ਤੋਂ ਬਚ ਗਿਆ ਹੈ!! ਪਰ, ਛੇਤੀ ਹੀ ਮਾਰਿਆ ਜਾਂਦਾ ਹੈ।

ਐਨ ਇਸੇ ਤਰ੍ਹਾਂ, ਅਸੀਂ ਇਸ ਗੁੱਝੀ ਮਾਨਸਿਕ ਅਗਨੀ ਵਿਚ ਦਿਨ-ਰਾਤ ਸੜਦੇ-ਬਲਦੇ ਹੋਏ ਭੀ, ਕਈ ਕਿਸਮ ਦੇ ਮਨੋਰੰਜਨਾਂ ਅਤੇ ਐਸ਼ਾਂ ਵਿਚ ਖੱਚਤ ਹੋ ਕੇ ਆਪਣੇ ਮਨ ਨੂੰ ਝੂਠੀ ਤਸੱਲੀ ਦਿੰਦੇ ਹੋਏ, ਇਸ ਮਾਨਸਿਕ ਅਗਨੀ ਨੂੰ ਭੁਲਣ ਯਾ ਟਾਲਣ ਦੀ ਕੋਸ਼ਿਸ਼ ਕਰਦੇ ਹਾਂ।

ਇਹ ਬੜੀ ਅਨੋਖੀ ਗੱਲ ਹੈ ਕਿ ਸਾਡੇ ਵਿਚੋਂ ਕੋਈ ਭੀ, ਇਹ ਗੱਲ ਮੰਨਣ

ਯਾ ਇਕਬਾਲ ਕਰਨ ਨੂੰ ਤਿਆਰ ਨਹੀਂ, ਕਿ ਸਾਡੇ ਅੰਦਰ ਇਹ 'ਗੁੱਝੀ ਮਾਨਸਿਕ ਅੱਗ' ਦਾ 'ਤੱਤ' ਪ੍ਰਵੇਸ਼ ਹੈ!! ਭਾਵੇਂ ਅਸੀਂ ਦਿਨ-ਰਾਤ ਇਸੇ 'ਮਿਥਨੁ-ਮੋਹ-ਅਗਨ-ਸੋਕ-ਸਾਗਰ' ਵਿਚ ਗਲਤਾਨ ਹੋ ਕੇ ਸੜ-ਬਲ ਰਹੇ ਹਾਂ!!

ਸਾਡੇ ਮਨ ਦੇ ਮੁੱਢਲੇ ਦੋ ਅੱਡ-ਅੱਡ 'ਰੁਖ' ਜਾਂ 'ਜੀਵਨ ਆਸ਼ੇ' ਹਨ— ਜੋ ਆਪਸ ਵਿਚ ਮੁਤਜ਼ਾਦ ਅਤੇ ਇਕ-ਦੂਜੇ ਦੇ ਉਲਟ ਹਨ।

ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥

(ਪੰਨਾ-87)

1. ਬਾਹਰ-ਮੁਖੀ ਬਿਰਤੀਆਂ (Exoteric life) ਵਿਚ ਗਲਤਾਨ ਹੋ ਕੇ—

ਰੱਬ ਦੀ 'ਭੁਲ'
'ਹੁਕਮ' ਤੋਂ ਅਣਜਾਣ
ਕੂੜੀ ਸਿਆਣਪ
ਮੈਂ-ਮੇਰੀ ਦਾ ਵਰਤਾਰਾ
ਮੋਹ-ਮਾਇਆ
ਭਰਮ-ਭੁਲਾਵਾ
ਇਲਾਹੀ ਬਰਕਤਾਂ ਤੋਂ ਵਾਂਝੇ
ਦੂਜੇ-ਭਾਉ
ਆਤਿਸ਼ ਦੁਨੀਆ
'ਗੂਝੀ ਭਾਹਿ'
'ਅਗਨਿ ਕੁੰਟ'
'ਅਗਨਿ-ਸੋਕ-ਸਾਗਰ'

ਵਿਚ ਵਿਚਰਨਾ ਅਤੇ ਦੁਖ ਭੋਗਣਾ ਹੈ।

2. ਅੰਤ੍-ਮੁਖੀ (Esoteric life) ਵਿਚ—

ਬਿਰਤੀਆਂ ਇਕਾਗਰ ਕਰ ਕੇ
ਗੁਰਬਾਣੀ ਦੀ ਰੋਸ਼ਨੀ ਵਿਚ
ਆਤਮ-ਪ੍ਰਾਇਣ ਹੋਣਾ
ਸ਼ਬਦ ਦੀ 'ਟੇਕ' ਲੈਣੀ
ਸ਼ਬਦ ਵਿਚ ਸੁਰਤ ਲਾ ਕੇ
ਨਾਮ-ਸਿਮਰਨ ਕਰਨਾ
ਸਬਦ ਵਿਚ ਲਿਵ-ਲੀਨ ਹੋਣਾ

ਚਰਨ–ਸ਼ਰਨ ਜਾਣਾ

ਅਤੇ ਸ਼ਬਦ ਦੇ ਪ੍ਰਕਾਸ਼ ਵਿਚ—

ਠੰਢ
ਆਤਮ–ਰੰਗ
ਰੁਣ–ਝੁਣ
ਅਨਹਦ–ਧੁਨੀ
ਪ੍ਰਿਮ–ਰਸ
ਨਾਮ–ਰਸ
ਪ੍ਰਿਮ–ਪਿਆਲਾ
ਪ੍ਰੇਮ–ਸਵੈਪਨਾ
ਪਿਆਰ ਦੇ ਹਿੰਡੋਲੇ
ਨਾਮ–ਖੁਮਾਰੀ
ਸਦਾ–ਖੈਰ
ਸਦਾ–ਸੁਖ
ਸਦਾ–ਖੇਮ
ਸਦਾ–ਸਵੇਰਾ
ਸਦਾ–ਖੁਸ਼ੀ
ਸਦੀਵੀ–ਖੇੜਾ

ਮਾਨਣਾ ਹੈ।

ਗੁਰਬਾਣੀ ਦੇ ਫੁਰਮਾਨ—

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥ (ਪੰਨਾ–148)

ਅਨੁਸਾਰ—

"ਕਲ ਤਾਤੀ"
ਅਤੇ
"ਠਾਂਢਾ ਹਰਿ ਨਾਉ"

ਦੋਹਾਂ ਨੂੰ—

ਸਮਝਣ
ਪਹਿਚਾਨਣ
ਬੁੱਝਣ

ਅਤੇ ਨਿਰਨਾ ਕਰਨ ਲਈ ਗੁਰਬਾਣੀ ਇਉਂ ਅਗਵਾਈ ਅਤੇ ਜੀਵਨ-ਸੇਧ ਦਿੰਦੀ ਹੈ—

ਦੁਰਮਤਿ ਅਗਨਿ ਜਗਤ ਪਰਜਾਰੈ ॥
ਸੋ ਉਬਰੈ ਗੁਰ ਸਬਦੁ ਬੀਚਾਰੈ ॥ (ਪੰਨਾ-225)

ਤਪਤਿ ਬੁਝੀ ਗੁਰ ਸਬਦੀ ਮਾਇ ॥
ਬਿਨਸਿ ਗਇਓ ਤਾਪ ਸਭ ਸਹਸਾ
ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥ (ਪੰਨਾ-373)

ਗੁਰ ਸਬਦੀ ਹਰਿ ਮਨਿ ਵਸੈ ਹਰਿ ਸਹਜੇ ਜਾਤਾ ॥
ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ ॥
(ਪੰਨਾ-510)

ਇਹੁ ਜਗੁ ਜਲਤਾ ਨਦਰੀ ਆਇਆ ਗੁਰ ਕੈ ਸਬਦਿ ਸੁਭਾਇ ॥
ਸਬਦਿ ਰਤੇ ਸੇ ਸੀਤਲ ਭਏ ਨਾਨਕ ਸਚੁ ਕਮਾਇ॥ (ਪੰਨਾ-643)

ਮਾਇਆ ਅਗਨਿ ਜਲੈ ਸੰਸਾਰੇ ॥
ਗੁਰਮੁਖਿ ਨਿਵਾਰੇ ਸਬਦਿ ਵੀਚਾਰੇ ॥
ਅੰਤਰਿ ਸਾਂਤਿ ਸਦਾ ਸੁਖੁ ਪਾਇਆ ਗੁਰਮਤੀ ਨਾਮੁ ਲੀਜੈ ਹੇ ॥
(ਪੰਨਾ-1049)

ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ ॥
ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ ॥
ਤਨੁ ਮਨੁ ਸੀਤਲੁ ਕ੍ਰੋਧ ਨਿਵਾਰੇ ਹਉਮੈ ਮਾਰਿ ਸਮਾਇਆ ॥
(ਪੰਨਾ-1067)

ਅੰਤਰਿ ਅਗਨਿ ਸਬਲ ਅਤਿ ਬਿਖਿਆ
ਹਿਵ ਸੀਤਲੁ ਸਬਦੁ ਗੁਰ ਦੀਜੈ॥
ਤਨਿ ਮਨਿ ਸਾਂਤਿ ਹੋਇ ਅਧਿਕਾਈ
ਰੋਗੁ ਕਾਟੈ ਸੂਖਿ ਸਵੀਜੈ ॥ (ਪੰਨਾ-1326)

'ਸਬਦ' ਅਤੇ 'ਨਾਮ' ਆਤਮ-ਪ੍ਰਕਾਸ਼ ਦੇ ਦੋ ਪੱਖ ਹਨ।

'ਸਬਦ' ਅਤੇ 'ਨਾਮ' ਦੋਨੋਂ ਹੀ ਇਕੋ ਆਤਮ-ਪ੍ਰਕਾਸ਼ ਦੇ ਪ੍ਰਤੀਕ ਅਤੇ ਪ੍ਰਗਟਾਵੇ ਹਨ।

ਇਸੇ ਲਈ ਗੁਰਬਾਣੀ ਵਿਚ 'ਗੁੱਝੀ ਮਾਨਸਿਕ ਅੱਗ' ਨੂੰ 'ਠਾਂਢਾ ਹਰਿ

ਨਾਉ' ਨਾਲ ਬੁਝਾਉਣ ਦੀ ਸਿਫਾਰਿਸ਼ ਕੀਤੀ ਗਈ ਹੈ—

ਮਨ ਮੇਰੇ ਗਹੁ ਹਰਿ ਨਾਮ ਕਾ ਓਲਾ ॥
ਤੁਝੈ ਨ ਲਾਗੈ ਤਾਤਾ ਝੋਲਾ ॥ (ਪੰਨਾ–179)

ਜਹ ਮਹਾ ਭਇਆਨ ਤਪਤਿ ਬਹੁ ਘਾਮ ॥
ਤਹ ਹਰਿ ਕੇ ਨਾਮਿ ਕੀ ਤੁਮ ਊਪਰਿ ਛਾਮ ॥ (ਪੰਨਾ–264)

ਕਲਿ ਤਾਤੀ ਠਾਂਢਾ ਹਰਿ ਨਾਉ ॥
ਸਿਮਰਿ ਸਿਮਰਿ ਸਦਾ ਸੁਖ ਪਾਉ ॥ (ਪੰਨਾ–288)

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥ (ਪੰਨਾ–709)

ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥
(ਪੰਨਾ–100)

ਮੇਰੇ ਮਨ ਨਾਮੁ ਨਿਤ ਨਿਤ ਲੇਹ ॥
ਜਲਤ ਨਾਹੀ ਅਗਨਿ ਸਾਗਰ ਸੂਖੁ ਮਨਿ ਤਨਿ ਦੇਹ ॥
(ਪੰਨਾ–1006)

ਹਰਿ ਕੇ ਨਾਮ ਕੀ ਮਨ ਰੁਚੈ ॥
ਕੋਟਿ ਸਾਂਤਿ ਅਨੰਦ ਪੂਰਨ ਜਲਤ ਛਾਤੀ ਬੁਝੈ ॥ (ਪੰਨਾ–1122)

ਬਿਨੁ ਨਾਵੈ ਸੂਕਾ ਸੰਸਾਰੁ ॥
ਅਗਨਿ ਤ੍ਰਿਸਨਾ ਜਲੈ ਵਾਰੋ ਵਾਰ ॥ (ਪੰਨਾ–1173)

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ (ਪੰਨਾ–1291)

(ਚਲਦਾ......)